pstcl
PUNJAB STATE TRANSMISSION CORPORATION LIMITED ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ:ਦਫ਼ਤਰ:ਪੀ.ਐਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ)
ਕਾਰਪੋਰੇਟ ਆਇਡੈਂਟਿਟੀ ਨੰਬਰ:- U40109PB2010SGC033814
ਦਫ਼ਤਰ: ਉਪ ਮੁੱਖ ਇੰਜੀਨੀਅਰ/ ਐਚ.ਆਰ. ਅਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
ਟੈਲੀਫੂਨ ਨੰ:- 0175-2970693 ਈ-ਮੇਲ:se-admin@pstcl.org ਵੈਬਸਾਇਟ : pstcl.org

ਵੱਲ

ਸਮੂਹ ਮੁੱਖ ਇੰਜੀਨੀਅਰ/ ਮੁੱਖ ਵਿੱਤ ਅਫਸਰ/ ਮੁੱਖ ਲੇਖਾ ਅਫਸਰ/ ਕੰਪਨੀ ਸਕੱਤਰ
ਅਤੇ ਵਿਭਾਗਾਂ ਦੇ ਮੁੱਖੀ, ਪੀ.ਐਸ.ਟੀ.ਸੀ.ਐਲ.।

ਮੀਮੋ ਨੰ. 13706/17 /LWO-13 ਮਿਤੀ 01/X/2021

**ਵਿਸ਼ਾ:** **ਸੰਘਰਸ਼ ਨੋਟਿਸ- ਵੱਲੋਂ ਟੈਕਨੀਕਲ ਸਰਵਿਸਜ਼ ਯੂਨੀਅਨ (ਰਜਿ:) ਪੰਜਾਬ ਰਾਜ ਬਿਜਲੀ ਬੋਰਡ**

ਹਵਾਲਾ:- ਟੈਕਨੀਕਲ ਸਰਵਿਸਜ਼ ਯੂਨੀਅਨ (ਰਜਿ:) ਪੰਜਾਬ ਰਾਜ ਬਿਜਲੀ ਬੋਰਡ ਵਲੋਂ ਭੇਜਿਆ ਗਿਆ ਰੈਫਰੈਂਸ ਨੰ. T.S.U./168/169 ਮਿਤੀ 08.09.2021, ਜਿਹੜਾ ਕਿ ਇਸ ਦਫਤਰ ਵਿਖੇ ਡਾਇਰੀ ਨੰ: 5841 ਮਿਤੀ 21.09.2021 ਰਾਹੀਂ ਪ੍ਰਾਪਤ ਹੋਇਆ ਹੈ (ਕਾਪੀ ਨੱਥੀ)।

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਦਰਸਾਏ ਜੱਥੇਬੰਦੀ ਦੇ ਪੱਤਰ ਦੀ ਕਾਪੀ ਆਪ ਜੀ ਦੇ ਦਫਤਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਜੱਥੇਬੰਦੀ ਵਲੋਂ ਹੇਠ ਲਿਖੇ ਅਨੁਸਾਰ **ਸੰਘਰਸ਼ ਦਾ ਪ੍ਰੋਗਰਾਮ** ਉਲੀਕਿਆ ਗਿਆ ਹੈ:-

*1) ਮਿਤੀ **15-09-21** ਤੋਂ ਮਿਤੀ **04-10-2021** ਤੱਕ ਪੰਜਾਬ ਸਰਕਾਰ ਦੇ ਮੰਤਰੀਆਂ ਨੂੰ ਮੈਮੋਰੰਡਮ ਦਿੱਤੇ ਜਾਣਗੇ।*

*2) ਮਿਤੀ **05-10-2021** ਨੂੰ ਮੁੱਖ ਦਫਤਰ ਪਟਿਆਲਾ ਵਿਖੇ ਸੂਬਾਈ ਧਰਨਾ ਅਤੇ ਮੁਜਾਹਰਾ ਕੀਤਾ ਜਾਵੇਗਾ।*

ਉਪਰੋਕਤ ਦੇ ਮੱਦੇਨਜਰ, ਇਸ ਦਫਤਰ ਵਲੋਂ ਵਿਸ਼ਾ ਚਰਚਿਤ ਮਾਮਲਾ ਉੱਚ ਅਧਿਕਾਰੀਆਂ ਦੇ ਸਨਮੁੱਖ ਵਿਚਾਰਨ ਹਿਤ ਪੇਸ਼ ਕੀਤਾ ਗਿਆ ਸੀ। ਇਸ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦਰਸਾਏ ਸੰਘਰਸ਼ ਪ੍ਰੋਗਰਾਮ ਦੌਰਾਨ ਪੀ.ਐਸ.ਟੀ.ਸੀ.ਐਲ. ਦੇ ਦਫਤਰਾਂ ਦਾ ਨਿਰਵਿਘਨ ਕੰਮ-ਕਾਜ ਯਕੀਨੀ ਬਣਾਇਆ ਜਾਵੇ ਅਤੇ ਕਿਸੇ ਵੀ ਕਰਮਚਾਰੀ ਨੂੰ ਮੈਡੀਕਲ ਛੁੱਟੀ ਤੋਂ ਇਲਾਵਾ ਕੋਈ ਹੋਰ ਛੁੱਟੀ ਨਾ ਦਿੱਤੀ ਜਾਵੇ ਜੀ।

ਨੱਥੀ/ ਉਪਰੋਕਤ ਅਨੁਸਾਰ

ਉਪ ਮੁੱਖ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ., ਪਟਿਆਲਾ

ਸੀ.ਸੀ.

1. ਸੀਨੀ: ਪੀ.ਐਸ. ਟੂ ਮਾਨਯੋਗ ਸੀ.ਐਮ.ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
2. ਸੀਨੀ: ਪੀ.ਐਸ. ਟੂ ਮਾਨਯੋਗ ਡਾਇਰੈਕਟਰ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
3. ਸੀਨੀ: ਪੀ.ਐਸ. ਟੂ ਮਾਨਯੋਗ ਡਾਇਰੈਕਟਰ/ ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
4. ਸੀਨੀ: ਪੀ.ਐਸ. ਟੂ ਮਾਨਯੋਗ ਡਾਇਰੈਕਟਰ/ ਵਿੱਤ ਤੇ ਵਣਜ਼, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
5. ਮੁੱਖ ਇੰਜੀਨੀਅਰ/ ਐਚ.ਆਈ.ਐਸ. ਤੇ ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।

Scanned with CamScanner

# Technical Services Union (Regd.)

Punjab State Electricity Board (Regd. No. 49 Under Trade Union Act 1926)
(Affiliated to : Electricity Employees Federation of India)

ਡਾਕ ਪਤਾ:- ਪ੍ਰਮੋਦ ਕੁਮਾਰ, ਜਨਰਲ ਸਕੱਤਰ, ਮਕਾਨ ਨੰ. 54/1074 ਉਮਰਪੁਰਾ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ

Bharpoor Singh Mangat
*President*

Rashpal Singh
*Sr. Vice President*

Banarsi Dass Passiana
*Vice President*

Parmod Kumar
*General Secratary*
*Mob: 96460-59648*

Krishan Singh
*Joint Secratary*

Iqbal Singh
*Office Secratary*

Santokh Singh
*Cashier*

Sukhwant Singh Sekhon
*Chief Organiser*


***Ref. No./T.S.U./***168/169 ***Dated*** 08-09-20..

ਵੱਲ :

1. ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ
ਪੀ. ਐਸ. ਪੀ. ਸੀ. ਐਲ
ਪਟਿਆਲਾ।

2. ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ
ਪੀ.ਐਸ.ਟੀ.ਸੀ.ਐਲ.
ਪਟਿਆਲਾ।

ਵਿਸ਼ਾ : ਸੰਘਰਸ ਨੋਟਿਸ।

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਾਵਰਕਾਮ ਅਤੇ ਟ੍ਰਾਂਸਕੋ ਅਧੀਨ ਕੰਮ ਕਰਦੇ ਬਿਜਲੀ ਮੁਲਾਜਮਾਂ ਦੀਆਂ ਮੰਗਾਂ ਕਾਫੀ ਲੰਮੇ ਸਮੇਂ ਤੋਂ ਲੰਬਿਤ ਹਨ।ਮੈਨੇਜਮੈਂਟ ਉਨਾਂ ਨੂੰ ਹੱਲ ਕਰਣ ਦੀ ਬਜਾਇ ਨਿਜੀਕਰਨ ਦੀ ਪਾਲਸੀ ਤਹਿਤ ਮੁਲਾਜਮਾਂ ਉਪੱਰ ਹਮਲੇ ਜਾਰੀ ਰਖ ਰਿਹਾ ਹੈ।ਪੁਨਰਗਠਨ ਦੇ ਨਾਂ ਹੇਠ ਹਜਾਰਾਂ ਅਸਾਮੀਆਂ ਖਤਮ ਕਰ ਦਿੱਤੀਆਂ ਗਈਆਂ ਹਨ।ਵਧੇ ਕੰਮ ਭਾਰ ਮੁਤਾਬਕ ਨਵੀਆਂ ਅਸਾਮੀਆਂ ਦੀ ਰਚਨਾ ਕਰਕੇ ਰੈਗੁਲਰ ਭਰਤੀ ਨਹੀ ਕੀਤੀ ਜਾ ਰਹੀ ਹੈ।ਮੁਲਾਜਮ ਕੰਮ ਭਾਰ ਦੀ ਚੱਕੀ ਵਿਚ ਪਿਸ ਰਹੇ ਹਨ।ਬਿਜਲੀ ਐਕਟ 2020 ਦੀਆਂ ਮੁਲਾਜਮ ਵਿਰੋਧੀ ਤਜ਼ਵੀਜਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ।ਪਹਿਲੇ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਨਵੇਂ ਕਾਮਾ ਦੋਖੀ ਲੇਬਰ ਕੋਡਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ।ਸਰਕਾਰੀ ਥਰਮਲਾਂ ਨੂੰ ਬੰਦ ਕਰਕੇ ਪ੍ਰਾਈਵੇਟ ਥਰਮਲਾਂ ਤੋਂ ਮਹਿੰਗੀ ਬਿਜਲੀ ਖਰੀਦ ਕੇ ਸਰਕਾਰੀ ਖਜਾਨਾ ਦੋਵੇਂ ਹੱਥੀ ਕਾਰਪੋਰੇਟ ਘਰਾਨਿਆਂ ਨੂੰ ਲੁਟਾਇਆ ਜਾ ਰਿਹਾ ਹੈ।15-15 ਸਾਲਾਂ ਤੋਂ ਕੰਮ ਕਰਦੇ ਠੇਕਾ ਕਾਮਿਆਂ ਨੂੰ ਰੈਗੁਲਰ ਨਹੀ ਕੀਤਾ ਜਾ ਰਿਹਾ ਹੈ।ਨਿਗੁਣੀਆਂ ਤਨਖਾਹਾਂ ਦੇ ਕੇ ਉਨਾਂ ਦੀ ਕਿਰਤ ਸ਼ਕਤੀ ਦੀ ਅੰਨੀ ਲੁੱਟ ਕੀਤੀ ਜਾ ਰਹੀ ਹੈ।ਦੋ ਧਿਰੀ ਗੱਲਬਾਤ ਰਾਹੀਂ ਮੁਲਾਜਮਾਂ ਦੇ ਤਨਖਾਹ ਸਕੇਲਾਂ ਦੀ ਸੁਧਾਈ ਨਾ ਕਰਕੇ ਮੁਲਾਜਮਾਂ ਦੀਆਂ ਤਨਖਾਹਾਂ ਭੱਤਿਆਂ ਨੂੰ ਖੋਰਾ ਲਾਇਆ ਜਾ ਰਿਹਾ ਹੈ।

ਪਾਵਰਕਾਮ ਮੈਨੇਜਮੈਂਟ ਵੱਲੋਂ ਸਾਡੀ ਜਥੇਬੰਦੀ ਨਾਲ ਲਗਾਤਾਰ ਵਿਤਕਰਾ ਕੀਤਾ ਜਾ ਰਿਹਾ ਹੈ।ਪਹਿਲਾਂਵੀ ਸਾਡੀ ਜਥੇਬੰਦੀ ਉਪੱਰ ਸਿਰੇ ਦਾ ਹਮਲਾ ਕਰਦੇ ਹੋਏ ਸਾਡੇ ਦੋ ਆਗੂਆਂ ਨੂੰ ਮਹਿਕਮਾਣਾ ਇਨਕੁਆਰੀਆਂ ਵਿਚ ਨਿਰਦੋਸ਼ ਸਾਬਤ ਹੋਣ ਦੇ ਬਾਵਜੂਦ ਡਿਸਮਿਸ ਕਰ ਦਿੱਤਾ ਗਿਆ ਅਤੇ ਪੰਜ ਰਿਟਾਇਰੀ ਆਗੂਆਂ ਦੀਆਂ ਪੈਨਸਨਾਂ ਵਿਚ 33 ਫੀਸਦੀ ਦੀ ਕਟੌਤੀ ਕਰ ਦਿੱਤੀ ਗਈ।ਪਾਵਰਕਾਮ ਮੈਨੇਜਮੈਂਟ ਦਾ ਸਾਡੀ ਜਥੇਬੰਦੀ ਨਾਲ ਮਿਤੀ 14-11-2017 ਅਤੇ 20-03-2018 ਨੂੰ ਸਮਝੌਤਾ ਹੋਇਆ ਸੀ ਜਲਦੀ ਹੀ ਬੀ.ਉ.ਡੀ. ਦੀ ਮੀਟਿੰਗ ਕਰਕੇ ਡਿਸਮਿਸ ਆਗੂਆਂ ਨੂੰ ਬਹਾਲ ਕਰ ਦਿੱਤਾ ਜਾਵੇਗਾ ਅਤੇ ਹੋਰ ਵਿਕਟੇਮਾਈਜੇਸਨਾਂ ਹੱਲ ਕਰ ਦਿੱਤੀਆਂ

Scanned with CamScanner

ਜਾਣਗੀਆਂ।ਜਥੇਬੰਦੀ ਨਾਲ ਮੰਗ ਪੱਤਰ ਉਪਰ ਛੇਤੀ ਹੀ ਗੱਲਬਾਤ ਕੀਤੀ ਜਾਵੇਗੀ।ਪਰ ਅੱਜ ਤਕ ਨਾ ਹੀ ਵਿਕਟੋਮਾਈਜੇਸਨਾਂ ਹੱਲ ਕੀਤੀਆਂ ਗਈਆਂ ਹਨ ਅਤੇ ਨਾ ਹੀ ਜਥੇਬੰਦੀ ਨਾਲ ਮੰਗ ਪੱਤਰ ਉਪਰ ਗੱਲਬਾਤ ਕਰਕੇ ਮੰਗਾਂ ਦਾ ਨਿਪਟਾਰਾ ਕੀਤਾ ਗਿਆ ਹੈ।ਪਾਵਰਕਾਮ ਮੈਨੇਜਮੈਂਟ ਦੇ ਇਸ ਟਕਰਾਅ ਵਾਲੇ ਵਤੀਰੇ ਵਿਰੁੱਧ ਬਿਜਲੀ ਮੁਲਾਜਮਾਂ ਵਿਚ ਭਾਰੀ ਰੋਸ਼ ਪਾਇਆ ਜਾਂਦਾ ਹੈ।ਇਸ ਲਈ ਸੂਬਾ ਵਰਕਿੰਗ ਕਮੇਟੀ ਦੇ ਫੈਂਸਲੇ ਅਨੁਸਾਰ ਆਪ ਜੀ ਸੰਘਰਸ਼ ਨੋਟਿਸ ਅਤੇ ਮੰਗ ਪਤੱਰ ਭੇਜਿਆ ਜਾ ਰਿਹਾ ਹੈ।

ਇਸ ਪਤੱਰ ਰਾਹੀਂਪਾਵਰਕਾਮ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੂੰ ਅਪੀਲ ਹੈ ਕਿ ਜਥੇਬੰਦੀ ਨੂੰ ਮੀਟਿੰਗ ਪ੍ਰਦਾਨ ਕਰਕੇ ਮੰਗ ਪੱਤਰ ਚ ਦਰਜ ਮੰਗਾਂ ਦਾ ਯੋਗ ਨਿਪਟਾਰਾ ਕੀਤਾ। ਅਜਿਹਾ ਨਾ ਹੋਣ ਦੀ ਸੂਰਤ ਵਿਚ ਜਥੇਬੰਦੀ ਉਲੀਕੇ ਸੰਘਰਸ਼ ਪ੍ਰੋਗਰਾਮ ਨੂੰ ਲਾਗੂ ਕਰਨ ਦੇ ਨਾਲ-ਨਾਲਸੰਘਰਸ਼ ਹੋਰ ਤਿੱਖਾ ਕਤਨ ਲਈ ਮਜਬੂਰ ਹੋਵੇਗੀ।

## ਸੰਘਰਸ਼ ਪ੍ਰੋਗਰਾਮ

1) ਮਿਤੀ 15-09-21 ਤੋਂ ਮਿਤੀ 04-10-2021 ਤਕ ਪੰਜਾਬ ਸਰਕਾਰ ਦੇ ਮੰਤਰੀਆਂ ਨੂੰ ਮੈਮੋਰੰਡਮ ਦਿੱਤੇ ਜਾਣਗੇ।

2) ਮਿਤੀ 05-10-2021 ਨੂੰ ਮੁੱਖ ਦਫਤਰ ਪਟਿਆਲਾ ਵਿਖੇ ਸੂਬਾਈ ਧਰਨਾ ਅਤੇ ਮੁਜਾਹਰਾ ਕੀਤਾ ਜਾਵੇਗਾ।

ਭਰਪੂਰ ਹੁੰਗਾਰੇ ਦੀ ਆਸ ਨਾਲ।

ਆਪ ਜੀ ਦਾ ਹਿਤੂ।

ਜਨਰਲ ਸਕੱਤਰ

ਟੈਕਨੀਕਲ ਸਰਵਿਸਜ਼ ਯੂਨੀਅਨ (ਰਜਿ.)

ਪੰਜਾਬ ਰਾਜ ਬਿਜਲੀ ਬੋਰਡ।

ਨੱਥੀ / ਮੰਗ ਪੱਤਰ ਅਤੇ ਵਿਕਟੋਮਾਈਜੇਸਨਾਂ ਦੀ ਡਿਟੇਲ।

ਪਿੱਠ ਅੰਕਣ ਨੰ: 170/83 ਮਿਤੀ: 08.09.2021

ਉਪਰੋਕਤ ਦਾ ਉਤਾਰਾ ਹੇਠਾਂ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਾਰੇ ਡਾਇਰੈਕਟਰ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ. ਪਟਿਆਲਾ।
2. ਕਿਰਤ ਕਮਿਸਨਰ ਚੰਡੀਗੜ੍ਹ।
3. ਸਹਾਇਕ ਕਿਰਤ ਕਮਿਸਨਰ ਪਟਿਆਲਾ।
4. ਗਵਰਨਰ ਪੰਜਾਬ ਰਾਜ ਭਵਨ ਚੰਡੀਗੜ੍ਹ।
5. ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ।
6. ਸਕਤੱਰ ਬਿਜਲੀ ਵਿਭਾਗ ਚੰਡੀਗੜ੍ਹ।
7. ਮੁੱਖ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ।
8. ਬਿਜਲੀ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ।
9. ਕਿਰਤ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ।

ਜਨਰਲ ਸਕੱਤਰ

ਟੈਕਨੀਕਲ ਸਰਵਿਸਜ਼ ਯੂਨੀਅਨ (ਰਜਿ.)

ਪੰਜਾਬ ਰਾਜ ਬਿਜਲੀ ਬੋਰਡ।

Scanned with CamScanner